ਮਿੱਠੇ ਬੱਚੇ:- "ਮਿੱਠੇ ਬੱਚੇ :- ਦੂਰਦੇਸ਼ੀ ਅਤੇ ਵਿਸ਼ਾਲਬੁੱਧੀ ਬਣੋ, ਸ਼ਿਵਬਾਬਾ ਦੇ ਕੰਮ ਵਿੱਚ ਕਦੇ ਡਿਸਟਰਬ ਨਹੀਂ ਕਰਨਾ, ਡਿਸਟਰਬ ਕਰਨ ਵਾਲਿਆਂ ਨੂੰ ਕਦੇ ਉੱਚ ਪਦਵੀ ਨਹੀਂ ਮਿਲ ਸਕਦੀ।"

ਪ੍ਰਸ਼ਨ:- ਇਸ ਦੁਨੀਆ ਵਿੱਚ ਮਨੁੱਖਾਂ ਨੂੰ ਕਿਹੜੇ ਖਿਆਲਾਤ ਰਹਿੰਦੇ ਹਨ ਜੋ ਸਤਿਯੁਗੀ ਦੇਵਤਾਵਾਂ ਨੂੰ ਕਦੇ ਨਹੀਂ ਆਉਣਗੇ?

ਉੱਤਰ:- ਇੱਥੇ ਮਨੁੱਖ ਸਮਝਦੇ ਹਨ ਕਿ ਅਸੀਂ ਕਮਾਵਾਂਗੇ ਤਾਂ ਸਾਡੇ ਪੁਤ੍ਰ ਅਤੇ ਪੋਤਰੇ ਖਾਣਗੇ ਲੇਕਿਨ ਇਹ ਖਿਆਲਾਤ ਦੇਵਤਾਵਾਂ ਵਿੱਚ ਨਹੀਂ ਹੋਣਗੇ ਕਿਓਂਕਿ ਉਨ੍ਹਾਂ ਦੇ ਪੁੱਤਰ ਅਤੇ ਪੋਤਰੇ ਸਭ ਇੱਥੋਂ ਹੀ ਵਰਸਾ ਲੈਕੇ ਜਾਂਦੇ ਹਨ। ਉਹ ਸਮਝਦੇ ਹਨ ਸਾਡੀ ਅਵਿਨਾਸ਼ੀ ਰਾਜਾਈ ਹੈ। ਇੱਥੇ ਹੀ ਹਰੇਕ ਆਪਣਾ - ਆਪਣਾ ਪੁਰਸ਼ਾਰਥ ਕਰ ਰਹੇ ਹਨ।

ਗੀਤ:- ਮਾਤਾ ਓ ਮਾਤਾ...

ਓਮ ਸ਼ਾਂਤੀ। ਬੱਚਿਆਂ ਨੇ ਮਾਤਾਵਾਂ ਦੀ ਮਹਿਮਾ ਸੁਣੀ। ਬੱਚੇ ਜਾਣ ਚੁੱਕੇ ਹਨ ਕਿਸ - ਕਿਸ ਮਾਤਾ ਦੀ ਮਹਿਮਾ ਹੁੰਦੀ ਹੈ। ਮਾਤਾਵਾਂ ਦੀ ਇਤਨੀ ਮਹਿਮਾ ਕਰਦੇ ਹਨ, ਤਾਂ ਜਰੂਰ ਹੋਕੇ ਗਈਆਂ ਹਨ। ਹੁਣ ਤੇ ਉਹ ਹਨ ਨਹੀਂ। ਜੋ ਜਗਤ ਅੰਬਾ ਹੋਕੇ ਗਈ ਹੈ ਉਨ੍ਹਾਂ ਦੀ ਭਗਤੀ ਮਾਰਗ ਵਿੱਚ ਮਹਿਮਾ ਹੁੰਦੀ ਹੈ। ਹੁਣ ਉਹ ਕੀ ਕਰਕੇ ਗਈ - ਇਹ ਤੁਸੀਂ ਵੀ ਨਹੀਂ ਜਾਣਦੇ ਸੀ। ਜਗਤ ਅੰਬਾ ਦੇ ਮੰਦਿਰ ਵਿਚ ਜਾਂਦੇ ਹਨ, ਜਾਕੇ ਉਸ ਤੋਂ ਕੁਝ ਨਾ ਕੁਝ ਮੰਗਦੇ ਹਨ। ਕਿਸੇ ਵੀ ਬੱਚੇ ਦੀ ਆਸ ਹੋਵੇਗੀ, ਕਈ ਅਸ਼ੀਰਵਾਦ ਮੰਗਣਗੇ। ਹੁਣ ਜੜ ਚਿੱਤਰ ਤੇ ਕੁਝ ਕਰ ਨਹੀਂ ਸਕਦੇ, ਨਾ ਉਹ ਸਮਝਦੇ ਹਨ, ਪਰ ਇਹ ਹੈ ਭਗਤੀ। ਤੁਸੀਂ ਜਾਣਦੇ ਹੋ ਉਹ ਪਾਸਟ ਹੋ ਗਏ ਹਨ। ਜਗਤ ਅੰਬਾ ਦੀ ਮਹਿਮਾ ਹੈ। ਇੱਕ ਤਾਂ ਨਹੀਂ ਹੈ, ਤੁਸੀਂ ਸਭ ਬ੍ਰਾਹਮਣ ਕੁਲ ਦੀ ਪਾਲਣਾ ਕਰਦੇ ਹੋ, ਫਿਰ ਦੈਵੀ ਕੁਲ ਦੀ ਪਾਲਣਾ ਕਰੋਗੇ। ਤੁਸੀਂ ਇਸ ਵੇਲੇ ਜਿਵੇਂ ਕਿ ਸਾਰੇ ਜਗਤ ਦੀ ਪਾਲਣਾ ਕਰਦੇ ਹੋ ਪਰ ਕੋਈ ਜਾਣਦੇ ਨਹੀਂ। ਚੰਡਿਕਾ ਦੇਵੀ ਦਾ ਵੀ ਮੇਲਾ ਲਗਦਾ ਹੈ। ਚੰਡਿਕਾ ਨਾਮ ਵੇਖੋ ਕਿੰਨਾਂ ਛੀ - ਛੀ ਹੈ! ਬਾਬਾ ਕਹਿੰਦੇ ਹਨ ਜੋ ਅਸ਼ਚ੍ਰਿਆਵਤ ਭਗੰਤੀ ਹੋ ਫਾਰਗਤੀ ਦਿੰਦੇ ਹਨ ਉਹ ਜਾਕੇ ਚੰਡਾਲ ਦਾ ਜਨਮ ਪਾਉਂਦੇ ਹਨ। ਘਰ ਵਿਚ ਚੰਚਲਤਾ ਕਰਦੇ ਹਨ ਤਾਂ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਨਾ - ਤੁਸੀਂ ਤਾਂ ਚੰਡੀ ਹੋ ਚੰਡਾਲ ਹੋ। ਬਰੋਬਰ ਤੁਸੀਂ ਵੇਖਦੇ ਹੋ ਸ਼ਿਵਬਾਬਾ ਦਾ ਬਣਕੇ ਫਿਰ ਵੀ ਬਹੁਤ ਚੰਚਲਤਾ ਕਰਦੇ ਹਨ, ਚੰਚਲਤਾ ਮਤਲਬ ਅਵਗਿਆ ਕਰਦੇ ਹਨ, ਸ਼ਿਵਬਾਬਾ ਦੀ ਸਰਵਿਸ ਵਿਚ ਡਿਸਟਰਬ ਕਰਦੇ ਹਨ ਤਾਂ ਅੰਤ ਵਿਚ ਚਲੇ ਹੀ ਜਾਂਦੇ ਹਨ। ਕੋਈ ਵੀ ਬ੍ਰਹਮਾਕੁਮਾਰੀ ਸੈਂਟਰ ਵਿਚ ਹੋਵੇਗੀ, ਕੁਝ ਚੰਚਲਤਾ ਕਰੇਗੀ, ਕਿਸੇ ਨੂੰ ਸਮਝਾ ਨਹੀਂ ਸਕੇਗੀ ਜਾਂ ਕ੍ਰੋਧ ਕਰਦੀ ਹੋਵੇਗੀ ਤਾਂ ਸਭ ਕਹਿਣਗੇ ਇਨ੍ਹਾਂ ਵਿਚ ਤੇ ਬਹੁਤ ਕ੍ਰੋਧ ਹੈ! ਹੁਣ ਚੰਡਿਕਾ ਇੱਕ ਤੇ ਨਹੀਂ, ਬਹੁਤ ਹੁੰਦੀਆਂ ਹਨ। ਦੇਵੀਆਂ ਦੀ ਮਹਿਮਾ ਵੀ ਹੈ ਅਤੇ ਫਿਰ ਇਵੇਂ ਜੋ ਚੰਡਿਕਾ ਆਦਿ ਬਣਦੇ ਹਨ ਉਨ੍ਹਾਂ ਦਾ ਵੀ ਗਾਇਨ ਹੈ। ਫਿਰ ਵੀ ਈਸ਼ਵਰ ਦੇ ਬਣੇ ਹਨ। ਭਾਵੇਂ ਕੋਈ ਚਲੇ ਜਾਂਦੇ ਹਨ ਫਿਰ ਵੀ ਸਵਰਗ ਵਿਚ ਤੇ ਆਉਣਗੇ ਨਾ। ਮਾਲਿਕ ਤਾਂ ਬਣਨਗੇ ਨਾ। ਭਾਵੇਂ ਮਾਲਿਕ ਤਾਂ ਰਾਜਾ - ਰਾਣੀ ਹੀ ਬਣਦੇ ਹਨ ਲੇਕਿਨ ਪ੍ਰਜਾ ਵੀ ਕਹੇਗੀ ਅਸੀਂ ਮਾਲਿਕ ਹਾਂ। ਲੋਕੀ ਕਹਿੰਦੇ ਹਨ ਨਾ ਸਾਡਾ ਭਾਰਤ ਮਹਾਨ ਹੈ। ਅੱਜਕਲ ਤਾਂ ਗੀਤ ਵੀ ਗਾਉਂਦੇ ਰਹਿੰਦੇ ਹਨ - ਭਾਰਤ ਬਹੁਤ ਚੰਗਾ ਸੀ।

ਹੁਣ ਤੁਸੀਂ ਬੇਹੱਦ ਬਾਪ ਦੇ ਬੱਚੇ ਬਣੇ ਹੋ। ਗੋਪੀ - ਵੱਲਭ ਦੀਆਂ ਗੋਪ - ਗੋਪੀਆਂ ਗਾਈਆਂ ਹੋਈਆਂ ਹਨ। ਵੱਲਭ ਬਾਪ ਨੂੰ ਕਿਹਾ ਜਾਂਦਾ ਹੈ। ਗਾਇਆ ਵੀ ਜਾਂਦਾ ਹੈ ਇੱਕ ਗੋਪੀ ਵੱਲਭ ਦੀ ਅਨੇਕ ਗੋਪ - ਗੋਪੀਆਂ ਹਨ। ਸਤਿਯੁਗ ਵਿੱਚ ਤੇ ਗੋਪਿਕਾਵਾਂ ਆਦਿ ਦੀ ਗੱਲ ਹੀ ਨਹੀਂ ਹੈ। ਹੁਣ ਤੁਸੀਂ ਬੱਚੇ ਵਿਸ਼ਾਲ ਦੂਰਦੇਸ਼ੀ ਬਣੇ ਹੋ। ਬੁੱਧੀ ਦਾ ਤਾਲਾ ਖੁਲ ਗਿਆ ਹੈ। ਇਸ ਜਨਮ ਦੀ ਜੀਵਨ ਕਹਾਣੀ ਨੂੰ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ। ਹਰ ਇੱਕ ਨੂੰ ਨਸ਼ਾ ਤੇ ਰਹਿੰਦਾ ਹੈ ਨਾ। ਹੁਣ ਬਿੜਲਾ ਹੈ, ਉਨ੍ਹਾਂ ਨੂੰ ਆਪਣੇ ਧਨ ਦਾ ਨਸ਼ਾ ਹੋਵੇਗਾ। ਸਮਝਣਗੇ - ਮੈਂ ਸਭ ਤੋਂ ਸਾਹੂਕਾਰ ਹਾਂ। ਪ੍ਰੰਤੂ ਤੁਸੀਂ ਜਾਣਦੇ ਹੋ - ਜੋ ਅੱਜ ਸਾਹੂਕਾਰ ਹੈ ਉਹ ਫਿਰ ਗਰੀਬ ਬਣ ਜਾਣਗੇ। ਤੁਹਾਡੀ ਅਤੇ ਦੂਜੇ ਮਨੁੱਖਾਂ ਦੀ ਬੁੱਧੀ ਵਿੱਚ ਰਾਤ - ਦਿਨ ਦਾ ਫਰਕ ਹੈ। ਕਿਸੇ ਨੂੰ ਕੀ ਨਸ਼ਾ ਰਹਿੰਦਾ ਹੈ, ਕਿਸੇ ਨੂੰ ਕੀ ਨਸ਼ਾ ਰਹਿੰਦਾ ਹੈ - ਮੈਂ ਫਲਾਣਾ ਹਾਂ, ਅਜਿਹਾ ਹਾਂ ...। ਇਨਾਂ ਨੂੰ ( ਬ੍ਰਹਮਾ ਨੂੰ ) ਵੀ ਨਸ਼ਾ ਸੀ ਨਾ - ਮੈਂ ਵੱਡਾ ਜੌਹਰੀ ਹਾਂ। ਹੁਣ ਸਮਝਦੇ ਹਨ ਉਹ ਸਭ ਨਸ਼ੇ ਕੌਡੀ ਮਿਸਲ ਹਨ। ਤੁਸੀਂ ਬੱਚਿਆਂ ਨੂੰ ਕਿੰਨਾਂ ਨਸ਼ਾ ਚੜ੍ਹਿਆ ਹੋਇਆ ਹੈ! ਉਹ ਸਮਝਦੇ ਹਨ ਅਸੀਂ ਕਮਾਵਾਂਗੇ ਫਿਰ ਸਾਡੇ ਪੁੱਤਰ - ਪੋਤਰੇ ਖਾਣਗੇ। ਇੱਥੇ ਤਾਂ ਉਹ ਗੱਲ ਹੈ ਨਹੀਂ। ਤੁਸੀਂ ਜਾਣਦੇ ਹੋ ਅਸੀਂ ਬੇਹੱਦ ਦੇ ਬਾਪ ਨੂੰ ਜਾਣਕੇ ਉਨ੍ਹਾਂ ਤੋਂ ਵਰਸਾ ਪਾ ਰਹੇ ਹਾਂ। ਜਿਸ ਦੀ ਪ੍ਰਾਲਬਧ ਅਸੀਂ ਹੀ ਖੁਦ ਜਨਮ ਬਾਏ ਜਨਮ ਪਦਵੀ ਪਾਵਾਂਗੇ। ਪੁਤ੍ਰ - ਪੋਤਰ ਆਦਿ ਸਭ ਇੱਥੇ ਪੁਰਸ਼ਾਰਥ ਕਰ ਰਹੇ ਹਨ। 'ਸਾਡੇ ਪੋਤਰੇ ਖਾਣਗੇ' - ਇਹ ਖਿਆਲਾਤ ਉੱਥੇ ਨਹੀਂ ਰਹਿੰਦੇ। ਸਮਝਦੇ ਹਨ ਅਵਿਨਾਸ਼ੀ ਰਾਜਾਈ ਹੈ। ਇੱਥੇ ਤਾਂ ਰਾਜੇ ਲੋਕ ਸਮਝਦੇ ਹਨ - ਪੁੱਤਰ - ਪੋਤਰੇ ਖਾਣਗੇ। ਤੁਸੀਂ ਹੁਣ ਬਾਪ ਤੋਂ ਇਤਨਾ ਵਰਸਾ ਲੈਂਦੇ ਹੋ। ਅਜਿਹੇ ਕਰਮ ਕਰਦੇ ਹੋ ਜੋ 21 ਜਨਮ ਉਸ ਦਾ ਫਲ ਮਿਲਦਾ ਰਹਿੰਦਾ ਹੈ, ਪੁੱਤਰ - ਪੋਤਰਿਆਂ ਦਾ ਖਿਆਲ ਨਹੀਂ ਰਹਿੰਦਾ। ਉਹ ਵੀ ਸਭ ਇੱਥੇ ਹੀ ਵਰਸਾ ਪਾਉਂਦੇ ਹਨ। ਤੁਹਾਨੂੰ ਕਿੰਨਾਂ ਗਿਆਨ ਹੈ, ਮਨੁੱਖ ਤਾਂ ਕੁਝ ਵੀ ਨਹੀਂ ਜਾਣਦੇ। ਗੌਡ ਫਾਦਰ, ਜਿਨ੍ਹਾਂ ਨੂੰ ਇਤਨਾ ਯਾਦ ਕਰਦੇ ਹਨ, ਜਰੂਰ ਉਨ੍ਹਾਂ ਤੋਂ ਇਤਨਾ ਭਾਰੀ ਸੁਖ ਮਿਲਦਾ ਹੋਵੇਗਾ। ਗਾਉਂਦੇ ਹਨ ਨਾ - ਹੇ ਪਰਮਪਿਤਾ ਪਰਮਾਤਮਾ ਰਹਿਮ ਕਰੋ। ਉਨ੍ਹਾਂ ਨੂੰ ਪਰਮ ਆਤਮਾ ਕਿਹਾ ਜਾਂਦਾ ਹੈ, ਉਹ ਸੁਪ੍ਰੀਮ ਹੈ। ਜਨਮ - ਮਰਨ ਰਹਿਤ ਹੈ। ਇਸਲਈ ਉਨ੍ਹਾਂ ਨੂੰ ਪਰਮ ਆਤਮਾ ਮਤਲਬ ਪਰਮਾਤਮਾ ਕਹਿੰਦੇ ਹਨ। ਸਭ ਆਤਮਾਵਾਂ ਦਾ ਰੂਪ ਇੱਕ ਜਿਹਾ ਹੈ। ਜਿਵੇਂ - ਜਿਵੇਂ

ਪੁਰਸ਼ਾਰਥ ਕਰਦੇ ਹਨ ਉਵੇਂ ਪਦਵੀ ਪਾਉਂਦੇ ਹਨ। ਇਨ੍ਹਾਂ ਦੀ ਆਤਮਾ ਚੰਗਾ ਪੜ੍ਹਦੀ ਹੈ ਤਾਂ ਨਾਰਾਇਣ ਬਣਦੀ ਹੈ। ਕੋਈ ਫਿਰ ਫੇਲ੍ਹ ਹੋਣਗੇ ਤਾਂ ਰਾਮ ਬਣਨਗੇ। ਆਤਮਾ ਹੀ ਬਣਦੀ ਹੈ ਨਾ। ਤੁਹਾਡੀ ਆਤਮਾ ਸਮਝਦੀ ਹੈ ਮੈਂ ਪਰਮਪਿਤਾ ਪਰਮਾਤਮਾ ਤੋਂ ਰਾਜਯੋਗ ਸਿੱਖ ਰਹੀ ਹਾਂ। ਆਤਮਾ ਫਿਰ ਆਕੇ ਨਵਾ ਚੋਲਾ ਪਹਿਨ ਪਾਰਟ ਵਜਾਵੇਗੀ, ਨਰ ਤੋ ਨਰਾਇਣ ਬਣੇਗੀ। ਇਹ ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਹੈ ਨੰਬਰਵਾਰ ਪੁਰਸ਼ਾਰਥ ਅਨੁਸਾਰ। ਫਿਰ ਇਹ ਗਿਆਨ ਪ੍ਰਾਯਾ ਲੋਪ ਹੋ ਜਾਂਦਾ ਹੈ। ਉੱਥੇ ਕੋਈ ਪਤਿਤ ਹੋਵੇਗਾ ਨਹੀਂ। ਗਿਆਨ ਕਿਸ ਨੂੰ ਦੇਣਗੇ? ਪਤਿਤ - ਪਾਵਨ ਨੂੰ ਇੱਥੇ ਯਾਦ ਕਰਦੇ ਹਨ। ਅੱਛਾ ਸਮਝੋ ਗੰਗਾ ਪਤਿਤ - ਪਾਵਨੀ ਹੈ ਤਾਂ ਵੀ ਉਹ ਰਾਜਯੋਗ ਤਾਂ ਨਹੀਂ ਸਿਖਲਾ ਸਕਦੀ ਹੈ, ਬਾਪ ਤੇ ਰਾਜਯੋਗ ਸਿਖਾਉਂਦੇ ਹਨ ਨਾ। ਇਹ ਸਾਰੇ ਡਰਾਮੇ ਦਾ ਰਾਜ਼ ਆਦਿ ਤੋਂ ਅੰਤ ਤੱਕ ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਹੈ।

ਤੁਸੀਂ ਸਭ ਪੜ੍ਹਦੇ ਤਾਂ ਇੱਕ ਹੀ ਕਲਾਸ ਵਿਚ ਹੋ, ਲੇਕਿਨ ਨੰਬਰਵਾਰ ਹੋ। ਸ਼ੁਰੂ - ਸ਼ੁਰੂ ਵਿਚ 300 ਦੀ ਭੱਠੀ ਸੀ। ਗਊਸ਼ਾਲਾ ਵਿੱਚ ਹਜਾਰਾਂ ਦੀ ਅੰਦਾਜ਼ ਵਿੱਚ ਗਊਆ ਹੋਣ ਤਾਂ ਕੋਈ ਸੰਭਾਲ ਵੀ ਨਹੀਂ ਸਕਦਾ। ਭੱਠੀ ਵੀ ਥੋੜ੍ਹਿਆਂ ਦੀ ਬਣਨੀ ਸੀ। ਉਨ੍ਹਾਂ ਵਿੱਚੋਂ ਵੀ ਕਈ ਤਾਂ ਚੱਲ ਰਹੇ ਹਨ, ਕਈ ਟੁੱਟ ਪਏ। ਕਈ ਬੱਚੇ ਸਮਝਦੇ ਹਨ ਅਸੀਂ ਪਹਿਲਾਂ ਤੋਂ ਹੁੰਦੇ ਤਾਂ ਚੰਗਾ ਸੀ ਪ੍ਰੰਤੂ ਇਵੇਂ ਵੀ ਨਹੀਂ ਹੈ। ਪੁਰਾਣੇ - ਪੁਰਾਣੇ ਕਿੰਨੇ ਭਗੰਤੀ ਹੋ ਗਏ! 25-30 ਵਰ੍ਹੇ ਵਾਲੇ ਵੀ ਇੰਨਾਂ ਨਹੀਂ ਯਾਦ ਰੱਖਦੇ ਕਿ ਉਹ ਬੇਹੱਦ ਦਾ ਬਾਪ ਹੈ, ਜਿਸ ਤੋਂ ਵਰਸਾ ਪਾਉਂਦੇ ਹਨ। ਬਾਬਾ ਸਵਰਗ ਦਾ ਮਾਲਿਕ ਬਣਾਉਂਦੇ ਹਨ, ਸੈਕਿੰਡ ਦੀ ਗੱਲ ਹੈ। ਬਾਪ ਕਹਿੰਦੇ ਹਨ ਤੁਸੀਂ ਮੇਰਾ ਬਣਨ ਨਾਲ ਸਵਰਗ ਦੇ ਮਾਲਿਕ ਬਣੋਗੇ। ਜੀਵਨਮੁਕਤੀ ਤਾਂ ਰਾਜਾ - ਰਾਣੀ ਵੀ ਪਾਉਂਦੇ ਹਨ, ਪ੍ਰਜਾ ਵੀ ਪਾਉਂਦੀ ਹੈ। ਗਾਇਆ ਹੋਇਆ ਹੈ ਸੈਕਿੰਡ ਵਿੱਚ ਜੀਵਨਮੁਕਤੀ। ਬੱਚੇ ਜੋ ਪੂਰਾ ਪੜ੍ਹਦੇ ਨਹੀਂ ਹਨ ਉਹ ਕੀ ਕਰਦੇ ਹੋਣਗੇ? ਚੰਚਲਤਾ। ਕਈ - ਕਈ ਬੱਚੇ ਤਾਂ ਬਹੁਤ ਆਗਿਆਕਾਰੀ ਹੁੰਦੇ ਹਨ। ਬਾਪ ਤੋਂ ਵੀ ਚੰਗਾ ਮਰਤਬਾ ਪਾ ਲੈਂਦੇ ਹਨ। ਬਾਪ 100-200 ਕਮਾਉਣ ਵਾਲਾ ਹੋਵੇਗਾ, ਬੱਚਾ ਲੱਖਪਤੀ ਬਣ ਜਾਂਦਾ ਹੈ। ਤਾਂ ਅਲੌਕਿਕ ਸੰਬੰਧ ਵਿੱਚ ਵੀ ਇਵੇਂ ਹੁੰਦਾ ਹੈ - 7 ਰੋਜ਼ ਵਾਲਾ ਬੱਚਾ 25 ਵਰ੍ਹੇ ਵਾਲੇ ਤੋਂ ਤਿੱਖਾ ਚਲਾ ਜਾਂਦਾ ਹੈ। ਨੰਬਰਵਾਰ ਤੇ ਹੁੰਦੇ ਹੀ ਹਨ। ਤੁਸੀਂ ਅਸਲ ਵਿਚ ਸਭ ਸਜਨੀਆਂ ਹੋ, ਇੱਕ ਸਾਜਨ ਨੂੰ ਯਾਦ ਕਰਦੇ ਹੋ। ਤੁਸੀਂ ਜਾਣਦੇ ਹੋ ਬਾਪ ਆਕੇ ਸਾਨੂੰ ਸੁਖਧਾਮ ਦਾ ਵਰਸਾ ਦਿੰਦੇ ਹਨ। ਲੌਕਿਕ ਪਤੀ ਹੈ ਫਿਰ ਵੀ ਯਾਦ ਉਨ੍ਹਾਂ ਨੂੰ ਕਰਦੇ ਹਨ ਜੋ ਪਤੀਆਂ ਦਾ ਪਤੀ ਹੈ। ਪਾਰਲੌਕਿਕ ਸਾਜਨ ਅੰਮ੍ਰਿਤ ਪਿਲਾਉਂਦੇ ਹਨ ਇਸਲਈ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ, ਫਿਰ ਤੁਸੀਂ ਸਵਰਗ ਦੇ ਮਾਲਿਕ ਬਣ ਜਾਂਦੇ ਹੋ, ਫਿਰ ਓਥੇ ਕਿਸੇ ਨੂੰ ਯਾਦ ਨਹੀਂ ਕਰਦੇ। ਹੁਣ ਦੇ ਪੁਰਸ਼ਾਰਥ ਤੋਂ ਤੁਸੀਂ 21 ਜਨਮ ਪ੍ਰਾਲਬਧ ਪਾਉਂਦੇ ਹੋ। ਤੁਹਾਡੀ ਬੁੱਧੀ ਕਿੰਨੀ ਖੁੱਲੀ ਹੈ! ਉਹ ਵੀ ਨੰਬਰਵਾਰ, ਤਾਂ ਬਾਦਸ਼ਾਹੀ ਵੀ ਨੰਬਰਵਾਰ ਲੈਂਦੇ ਹੋ। ਤੁਹਾਨੂੰ ਸਭ ਸਮਝਾ ਦਿੱਤਾ ਹੈ। ਇੱਥੇ ਚੰਗੀ ਤਰ੍ਹਾਂ ਪੜ੍ਹਾਈ ਪੜ੍ਹਨ ਨਾਲ ਤੁਸੀਂ ਪਦਵੀ ਵੀ ਇਤਨੀ ਉੱਚ ਪਾਵੋਗੇ। ਨਹੀਂ ਤਾਂ ਅਨਪੜ੍ਹੇ, ਪੜ੍ਹੇ ਦੇ ਅੱਗੇ ਭਰੀ ਢੋਣਗੇ। ਇਸ ਵਿੱਚ ਪੁਰਸ਼ਾਰਥ ਬਹੁਤ ਚੰਗੀ ਤਰ੍ਹਾਂ ਕਰਨਾ ਹੈ। ਹੁਣ ਟਾਇਮ ਚੰਗਾ ਹੈ ਪੁਰਸ਼ਾਰਥ ਦੇ ਲਈ। ਤੁਸੀਂ ਜਾਣਦੇ ਹੋ - ਜਿੱਥੇ ਜਿਉਣਾ ਹੈ ਉੱਥੇ ਗਿਆਨ ਅੰਮ੍ਰਿਤ ਪੀਣਾ ਹੈ ਅਤੇ ਪੜ੍ਹਦੇ ਰਹਿਣਾ ਹੈ। ਸੇਪਲਿੰਗ ਲਗਾਉਂਦੇ ਰਹਿੰਦੇ ਹਨ। ਕੋਈ ਝੱਟ ਸਮਝ ਜਾਂਦੇ ਹਨ ਤਾਂ ਸਮਝਿਆ ਜਾਂਦਾ ਹੈ ਇਨਾਂਦੀ ਪਦਵੀ ਤੇ ਚੰਗੀ ਵੇਖਣ ਵਿਚ ਆਉਂਦੀ ਹੈ, ਚੰਗਾ ਨੇੜੇ ਦਾ ਫੁੱਲ ਹੈ, ਤਨ - ਮਨ - ਧਨ ਅਰਪਨ ਕਰ ਬੈਠਾ ਹੈ, ਸਰਵਿਸ ਵਿਚ ਚੰਗਾ ਲੱਗ ਗਿਆ ਹੈ। ਸਮਝਦਾ ਹੈ ਆਪਣਾ ਸਮੇਂ ਜਿੰਨਾਂ ਸਰਵਿਸ ਵਿਚ ਦੇਵਾਂਗੇ, ਉਤਨਾ ਫਾਇਦਾ ਹੈ। ਜਿਵੇਂ ਬਾਬਾ ਅਸੀਂ ਗਿਆਨ ਨੇਤ੍ਰਹੀਨ ਅੰਨਿਆਂ ਦੀ ਲਾਠੀ ਬਣਿਆ ਹੈ ਇਵੇਂ ਸਾਨੂੰ ਵੀ ਬਣਨਾ ਹੈ। ਤੁਸੀਂ ਇੱਕ ਦੂਜੇ ਦੀ ਲਾਠੀ ਬਣਦੇ ਜਾਂਦੇ ਹੋ। ਅੰਨਾ ਬਣਾਇਆ ਹੈ ਰਾਵਣ ਨੇ। ਇਹ ਤੁਹਾਨੂੰ ਸਮਝਾਇਆ ਜਾਂਦਾ ਹੈ ਕਿ ਇਸ ਸਮੇਂ ਸਾਰੀ ਦੁਨੀਆ ਲੰਕਾ ਹੈ, ਸਭ ਸ਼ੋਕ ਵਾਟਿਕਾ ਵਿੱਚ ਹਨ। ਨਾਮ ਰੱਖਿਆ ਹੈ ਅਸ਼ੋਕਾ ਹੋਟਲ, ਉੱਥੇ ਖੂਬ ਮਜੇ ਉਡਾਉਂਦੇ ਹਨ।

ਹੁਣ ਤੁਸੀਂ ਜਾਣਦੇ ਹੋ ਬਾਬਾ ਆਇਆ ਹੋਇਆ ਹੈ। ਮਹਾਭਾਰਤ ਲੜਾਈ ਸਾਮਣੇ ਖੜੀ ਹੈ। ਇਹ ਤਾਂ ਲੱਗਣੀ ਹੈ ਜਦਕਿ ਘਰ ਦੇ ਗੇਟਸ ਖੁਲਣੇ ਹਨ। ਦਵਾਪਰ ਦੀ ਤੇ ਗੱਲ ਹੀ ਨਹੀਂ। ਹੁਣ ਤੇ ਘੋਰ ਹਨੇਰਾ ਹੈ ਨਾ। ਬ੍ਰਾਹਮਣਾਂ ਦੀ ਰਾਤ ਹੁਣ ਪੂਰੀ ਹੋਈ ਹੈ, ਬਾਬਾ ਆਇਆ ਹੋਇਆ ਹੈ। ਇਹ ਗੱਲਾਂ ਤੁਸੀਂ ਬੱਚੇ ਹੀ ਜਾਣਦੇ ਹੋ। ਸਕੂਲ ਵਿੱਚ ਪੜ੍ਹਦੇ ਹਨ, ਕੋਈ ਤਾਂ ਬਹੁਤ ਚੰਗੇ ਮਾਰਕਸ ਲੈਂਦੇ ਹਨ, ਕੋਈ ਫੇਲ੍ਹ ਹੋ ਜਾਂਦੇ ਹਨ। ਫੇਲ੍ਹ ਦੀ ਨਿਸ਼ਾਨੀ ਹੈ ਚੰਦ੍ਰਵੰਸ਼ੀ ਵਿੱਚ ਚਲੇ ਜਾਣਗੇ। ਰਾਮ ਨੂੰ ਸ਼ਤ੍ਰੀ ਦੀ ਨਿਸ਼ਾਨੀ ਦਿੱਤੀ ਹੈ। ਅਰਥ ਨਹੀਂ ਸਮਝਦੇ। ਲਵ - ਖੁਸ਼ ਦੀਆਂ ਕੀ - ਕੀ ਗੱਲਾਂ ਬੈਠ ਸੁਣਾਉਂਦੇ ਹਨ। ਕਿੰਨੇ ਝੂਠੇ ਦੋਸ਼ ਬੈਠ ਲਗਾਉਂਦੇ ਹਨ। ਗਾਉਂਦੇ ਹਨ - ਰਾਮ ਰਾਜਾ, ਰਾਮ ਪ੍ਰਜਾ ਧਰਮ ਦਾ ਉਪਕਾਰ ਹੈ। ਫਿਰ ਇਹ ਸਭ ਗੱਲਾਂ ਕਿੱਥੋਂ ਆਈਆਂ? ਇਹ ਸਭ ਗੱਲਾਂ ਸਮਝਣ ਦੀਆਂ ਹਨ। ਤੁਸੀਂ ਜਾਣਦੇ ਹੋ ਇਹ ਨਾਲੇਜ਼ ਨੰਬਰਵਾਰ ਸਾਡੀ ਬੁੱਧੀ ਵਿੱਚ ਹੈ। ਸਟੂਡੈਂਟ ਨੂੰ ਬਹੁਤ ਤਿੱਖਾ ਪੁਰਸ਼ਾਰਥ ਕਰਨਾ ਚਾਹੀਦਾ ਹੈ। ਅਸੀ ਗੌਡ ਫ਼ਾਦਰਲੀ ਸਟੂਡੈਂਟ ਹਾਂ। ਟੀਚਰ ਨੂੰ ਕਿਉਂ ਨਹੀਂ ਯਾਦ ਕਰਨਗੇ! ਅਸੀਂ ਹਾਂ ਪਤਿਤ - ਪਾਵਨ ਗੌਡ ਫਾਦਰਲੀ ਸਟੂਡੈਂਟ, ਇਸ ਵਿੱਚ ਬਾਪ, ਟੀਚਰ, ਸਤਿਗੁਰੂ ਤਿੰਨੋ ਹੀ ਆ ਜਾਂਦੇ ਹਨ। ਤੁਸੀਂ ਸਭ ਸੀਤਾਵਾਂ ਹੋ ਨਾ। ਰਾਵਣ ਦੀ ਸ਼ੋਕ ਵਾਟਿਕਾ ਵਿੱਚ ਪਏ ਹੋ। ਇਨਕਾਰਪੋਰੀਆਲ ਗੌਡ ਫਾਦਰ ਇਜ਼ ਗਿਆਨ ਸਾਗਰ ਨਾਲੇਜ਼ਫੁੱਲ। ਸ਼੍ਰੀਕ੍ਰਿਸ਼ਨ ਅਤੇ ਲਕਸ਼ਮੀ - ਨਾਰਾਇਣ ਨੂੰ ਇਵੇਂ ਨਹੀਂ ਕਹਾਂਗੇ। ਉਨ੍ਹਾਂ ਦੀ ਮਹਿਮਾ ਹੀ ਨਿਆਰੀ ਹੈ। ਗੀਤ ਵਿੱਚ ਵੀ ਗਾਉਂਦੇ ਹਨ - ਉਨ੍ਹਾਂ ਦੀ ਮਹਿਮਾ ਅਪ੍ਰਮਪਾਰ ਹੈ, ਜੋ ਅਜਿਹਾ ਬਣਾਉਂਦੇ ਹਨ। ਤੁਸੀਂ ਕਹਿੰਦੇ ਹੋ - ਬਾਬਾ, ਅਸੀਂ ਤੁਹਾਡੇ ਤੋਂ ਪੂਰਾ ਵਰਸਾ ਲਵਾਂਗੇ। ਤੁਸੀਂ ਕਿੰਨੇ ਮਿੱਠੇ ਹੋ, ਕਿੰਨੇ ਪਿਆਰੇ ਹੋ! ਲਕਸ਼ਮੀ - ਨਾਰਾਇਣ ਕਿੰਨੇ ਮਿੱਠੇ, ਕਿੰਨੇ ਪਿਆਰੇ ਹਨ! ਲਕਸ਼ਮੀ - ਨਾਰਾਇਣ ਦੇ ਚਿੱਤਰ ਦੇਖੋ, ਹਮੇਸ਼ਾ ਮੁਸਕੁਰਾਹਟ ਵਾਲੇ ਵਿਖਾਉਂਦੇ ਹਨ। ਤੁਸੀਂ ਜਾਣਦੇ ਹੋ ਦੇਵਤੇ ਇਸ ਭਾਰਤ ਵਿਚ ਹੀ ਸਨ। ਹੁਣ ਕਿੱਥੇ ਹਨ? ਤੁਸੀਂ ਸਭ ਦੱਸ ਸਕਦੇ ਹੋ ਕਿ ਉਨ੍ਹਾਂ ਦਾ ਅੰਤਿਮ ਜਨਮ ਹੈ। ਫਿਰ ਤੋਂ ਸ਼੍ਰੀਕ੍ਰਿਸ਼ਨ ਬਣਨਾ ਹੈ। ਹੁਣ ਸ਼੍ਰੀਕ੍ਰਿਸ਼ਨਪੁਰੀ ਸਥਾਪਨ ਹੋ ਰਹੀ ਹੈ। ਸ਼੍ਰੀਕ੍ਰਿਸ਼ਨ ਦੀ ਆਤਮਾ ਵੀ ਹੁਣ ਰਾਜਯੋਗ ਸਿੱਖ ਰਹੀ ਹੈ। ਤੁਸੀਂ ਵੀ ਕ੍ਰਿਸ਼ਨਪੁਰੀ ਵਿੱਚ ਜਾਣਾ ਚਾਹੋ ਤਾਂ ਰਾਜਯੋਗ ਸਿੱਖੋ।

ਲਕਸ਼ਮੀ - ਨਾਰਾਇਣ ਕਹਿਣ ਨਾਲ ਮਨੁੱਖ ਮੁੰਝ ਜਾਂਦੇ ਹਨ। ਸ਼੍ਰੀਕ੍ਰਿਸ਼ਨ ਨੂੰ ਝੂਲੇ ਵਿੱਚ ਝੁਲਾਉਂਦੇ ਹਨ। ਪੂਜਾ ਲਕਸ਼ਮੀ - ਨਾਰਾਇਣ ਦੀ ਕਰਦੇ ਹਨ। ਉਨ੍ਹਾਂ ਦਾ ਬਾਲ ਚਰਿਤ੍ਰ ਕੁਝ ਵੀ ਹੈ ਨਹੀਂ। ਰਾਧੇ - ਕ੍ਰਿਸ਼ਨ ਫਿਰ ਕਿੱਥੇ ਗਏ, ਕੀ ਹੋਇਆ - ਕੁਝ ਵੀ ਪਤਾ ਨਹੀਂ ਹੈ। ਰਾਧੇ - ਕ੍ਰਿਸ਼ਨ ਕੋਈ ਆਪਸ ਵਿੱਚ ਭਾਈ - ਭੈਣ ਨਹੀਂ ਸਨ। ਹੁਣ ਰਾਧੇ - ਕ੍ਰਿਸ਼ਨ ਦਾ ਰਾਜ ਤਾਂ ਹੈ ਨਹੀ। ਦਵਾਪਰ ਵਿਚ ਉਨ੍ਹਾਂ ਦੀ ਰਾਜਧਾਨੀ ਦਾ ਕੁਝ ਪਤਾ ਥੋੜ੍ਹੀ ਨਾ ਹੈ। ਤਾਂ ਇਹ ਸਭ ਗੱਲਾਂ ਸਮਝਣ ਦੇ ਲਈ ਬਹੁਤ ਚੰਗੀ ਬੁੱਧੀ ਚਾਹੀਦੀ ਹੈ। ਲਿਟਰੇਚਰ ਬਨਾਉਣ ਵਿੱਚ ਵੀ ਮਿਹਨਤ ਲਗਦੀ ਹੈ। ਵਿਸ਼ਨੂੰ ਦੇ ਅਲੰਕਾਰ ਵਿਖਾਉਂਦੇ ਹਨ ਪਰ ਅਸਲ ਵਿੱਚ ਵਿਸ਼ਨੂੰ ਦੇ ਇਹ ਅਲੰਕਾਰ ਹੁੰਦੇ ਨਹੀਂ। ਵਿਸ਼ਨੂੰ ਜਾਂ ਲਕਸ਼ਮੀ - ਨਾਰਾਇਣ ਨੂੰ ਸ਼ੰਖ ਥੋੜ੍ਹੀ ਨਾ ਹੈ। ਤਾਂ ਅਸੀਂ ਕੀ ਲਿਖੀਏ? ਮਨੁੱਖ ਤਾਂ ਕੁਝ ਵੀ ਸਮਝ ਨਾ ਸਕਣ। ਸ਼ੰਖ ਤੇ ਹੈ ਤੁਹਾਡੇ ਕੋਲ। ਤਾਂ ਅਲੰਕਾਰ ਜਰੂਰ ਬ੍ਰਾਹਮਣਾਂ ਨੂੰ ਦੇਣਾ ਪਵੇ। ਕਹਿਣਗੇ ਇਹ ਬ੍ਰਾਹਮਣ ਫਿਰ ਕਿੱਥੋਂ ਆਏ? ਸਮਝ ਨਹੀਂ ਸਕਣਗੇ। ਤੁਸੀਂ ਸਮਝਾ ਸਕਦੇ ਹੋ - ਅਸੀਂ ਬ੍ਰਾਹਮਣ ਸਵਦਰਸ਼ਨ ਚਕ੍ਰਧਾਰੀ ਹਾਂ। ਇਹ ਸਭ ਗੱਲਾਂ ਸਮਝਾਉਣ ਲਈ ਬੜੀ ਹੀ ਵਿਸ਼ਾਲ ਬੁੱਧੀ ਚਾਹੀਦੀ ਹੈ। ਪ੍ਰਜਾ ਵਿਚ ਜਾਣ ਵਾਲੇ ਮੋਟੀ ਬੁੱਧੀ ਸਮਝ ਨਾ ਸਕਣ। ਸਮਝਾਉਣ ਵਿੱਚ ਬੜੀ ਹੀ ਡਿਫੀਕਲਟੀ ਲਗਦੀ ਹੈ। ਬਾਬਾ ਲਿਖਦੇ ਵੀ ਹਨ ਸਿਕੀਲੱਧੇ ਸਵਦਰਸ਼ਨ ਚਕ੍ਰਧਾਰੀ ਬ੍ਰਹਮਾ ਮੁੱਖ ਵੰਸ਼ਾਵਲੀ। ਪਰ ਤੁਹਾਡੇ ਕੋਲ ਅਲੰਕਾਰ ਕਿੱਥੇ ਹਨ। ਚਿਤਰਾਂ ਵਿੱਚ ਦੇਵੀਆਂ ਨੂੰ ਤੀਜਾ ਨੇਤ੍ਰ ਦਿੱਤਾ ਹੈ, ਪਰ ਉਨ੍ਹਾਂ ਨੂੰ ਤੇ ਤੀਜਾ ਨੇਤਰ ਹੈ ਨਹੀਂ। ਤੁਹਾਡੀ ਹੁਣ ਤੀਜੀ ਅੱਖ ਖੁੱਲੀ ਹੈ। ਤੁਸੀਂ ਸ਼ਕਤੀਆਂ ਦੀ ਮਹਿਮਾ ਹੈ। ਜਗਤ ਅੰਬਾ ਹੈ ਤਾਂ ਬੱਚੇ ਵੀ ਨਾਲ ਹੋਣਗੇ। ਮਜਿਓਰਟੀ ਮਾਤਾਵਾਂ ਦੀ ਹੈ। ਮਾਤਾਵਾਂ ਨੂੰ ਹੀ ਉੱਚ ਉਠਾਉਂਦੇ ਹਨ। ਚੰਗਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਆਪਣਾ ਸਮੇਂ ਸਰਵਿਸ ਵਿੱਚ ਸਫਲ ਕਰਨਾ ਹੈ। ਤਨ - ਮਨ - ਧਨ ਸਭ ਅਰਪਨ ਕਰ ਜਦੋਂ ਤੱਕ ਜਿਉਣਾ ਹੈ ਪੜਾਈ ਪੜਦੇ ਰਹਿਣਾ ਹੈ।

**2.** ਆਪਸ ਵਿੱਚ ਇੱਕ - ਦੋ ਦੀ ਗਿਆਨ ਨਾਲ ਪਾਲਣਾ ਕਰਨੀ ਹੈ। ਅਜਿਹਾ ਕੋਈ ਕੰਮ ਨਹੀਂ ਕਰਨਾ ਹੈ ਜਿਸ ਨਾਲ ਬਾਪ ਦੀ ਅਵਗਿਆ ਹੋਵੇ।

ਵਰਦਾਨ:- ਅਵਿਨਾਸ਼ੀ ਅਤਿੰਦ੍ਰਿਆ ਸੁਖ ਵਿੱਚ ਰਹਿ ਸਭ ਨੂੰ ਸੁਖ ਦੇਣ ਅਤੇ ਸੁਖ ਲੈਣ ਵਾਲੇ ਮਾਸਟਰ ਸੁਖਦਾਤਾ ਭਵ।

ਅਤਿੰਦ੍ਰਿਆ ਸੁਖ ਮਤਲਬ ਆਤਮਿਕ ਸੁਖ ਅਵਿਨਾਸ਼ੀ ਹੈ। ਇੰਦ੍ਰੀਆਂ ਖੁਦ ਹੀ ਵਿਨਾਸ਼ੀ ਹਨ ਤਾਂ ਉਨ੍ਹਾਂ ਤੋਂ ਪ੍ਰਾਪਤ ਦੁੱਖ ਵੀ ਵਿਨਾਸ਼ੀ ਹੋਵੇਗਾ ਇਸਲਈ ਸਦਾ ਅਤਿੰਦ੍ਰਿਆ ਸੁਖ ਵਿੱਚ ਰਹੋ ਤਾਂ ਦੁੱਖ ਦਾ ਨਾਮ - ਨਿਸ਼ਾਨ ਆ ਨਹੀਂ ਸਕਦਾ। ਜੇਕਰ ਦੂਸਰਾ ਕੋਈ ਤੁਹਾਨੂੰ ਦੁੱਖ ਦਿੰਦਾ ਹੈ ਤਾਂ ਤੁਸੀਂ ਨਹੀਂ ਲੋ। ਤੁਹਾਡਾ ਸਲੋਗਨ ਹੈ - ਸੁਖ ਦੋ, ਸੁਖ ਲਓ। ਨਾ ਦੁੱਖ ਦਵੋ, ਨਾ ਦੁੱਖ ਲਵੋ। ਕੋਈ ਦਵੇ ਤਾਂ ਉਸ ਨੂੰ ਪਰਿਵਰਤਨ ਕਰ ਤੁਸੀਂ ਸੁਖ ਦੇ ਦਵੋ, ਉਸ ਨੂੰ ਵੀ ਸੁਖੀ ਬਣਾ ਦਵੋ ਤਾਂ ਕਹਾਂਗੇ ਮਾਸਟਰ ਸੁਖਦਾਤਾ।

ਸਲੋਗਨ:- ਜਿਆਦਾ ਬੋਲਕੇ ਐਨਰਜੀ ਗਵਾਉਣ ਦੀ ਬਜਾਏ ਅੰਤਰਮੁਖਤਾ ਦੇ ਰਸ ਦੇ ਅਨੁਭਵੀ ਬਣੋ।

******